# ਪ੍ਰਧਾਨ ਮੰਤਰੀ ਨੇ ਦੁਬਈ 2024 ਵਿੱਚ ਵਿਸ਼ਵ ਸਰਕਾਰਾਂ ਦੇ ਸੰਮੇਲਨ ਤੋਂ ਦੌਰਾਨ ਇੱਕ ਪਾਸੇ ਮੈਡਾਗਾਸਕਰ ਗਣਰਾਜ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ

ਫਰਵਰੀ 14, 2024

ਪ੍ਰਧਾਨ ਮੰਤਰੀ ਨੇ ਦੁਬਈ ਵਿੱਚ ਵਿਸ਼ਵ ਸਰਕਾਰਾਂ ਦੇ ਸੰਮੇਲਨ ਤੋਂ ਦੌਰਾਨ ਅੱਜ ਇੱਕ ਪਾਸੇ ਮੈਡਾਗਾਸਕਰ ਗਣਰਾਜ ਦੇ ਰਾਸ਼ਟਰਪਤੀ ਮਹਾਮਹਿਮ ਐਂਡਰੀ ਰਾਜੋਲੀਨਾ ਨਾਲ ਮੁਲਾਕਾਤ ਕੀਤੀ। ਇਹ ਦੋਵੇਂ ਨੇਤਾਵਾਂ ਵਿਚਕਾਰ ਪਹਿਲੀ ਬੈਠਕ ਸੀ।

2. ਦੋਵੇਂ ਨੇਤਾਵਾਂ ਨੇ ਦੋਵੇਂ ਮੁਲਕਾਂ ਵਿਚਕਾਰ ਲੰਬੇ ਸਮੇ ਤੋਂ ਮੌਜੂਦ ਦੋਸਤਾਨਾ ਸਬੰਧਾਂ ਅਤੇ ਪ੍ਰਾਚੀਨ ਭੂਗੋਲਿਕ ਸਬੰਧਾਂ ਨੂੰ ਸਵੀਕਾਰ ਕੀਤਾ। ਉਨ੍ਹਾਂ ਨੇ ਦੁਵੱਲੇ ਸਬੰਧਾਂ ਨੂੰ ਹੋਰ ਅੱਗੇ ਲੈਕੇ ਜਾਣ ਦੇ ਤਰੀਕਿਆਂ ਬਾਰੇ ਚਰਚਾ ਕੀਤੀ ਅਤੇ ਦੋਵੇਂ ਮੁਲਕਾਂ ਵਿਚਕਾਰ ਸੰਯੁਕਤ ਰਾਸ਼ਟਰ (ਯੂ.ਐਨ.) ਸਮੇਤ ਵੱਖ-ਵੱਖ ਬਹੁਪੱਖੀ ਮੰਚਾਂ 'ਤੇ ਨਜ਼ਦੀਕੀ ਸਹਿਯੋਗ ਦੀ ਸ਼ਲਾਘਾ ਕੀਤੀ।

3. ਪ੍ਰਧਾਨ ਮੰਤਰੀ ਨੇ ਭਾਰਤ-ਮੈਡਾਗਾਸਕਰ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਅਤੇ ਵਿਜ਼ਨ ਸਾਗਰ - ਖੇਤਰ ਵਿੱਚ ਸਭ ਵਾਸਤੇ ਸੁਰੱਖਿਆ ਅਤੇ ਵਿਕਾਸ ਲਈ ਭਾਰਤ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਉਨ੍ਹਾਂ ਨੇ ਕਿਹਾ ਕਿ ਹਿੰਦ ਮਹਾਸਾਗਰ ਖੇਤਰ ਵਿੱਚ ਇੱਕ ਸਾਥੀ ਵਿਕਾਸਸ਼ੀਲ ਦੇਸ਼ ਹੋਣ ਦੇ ਨਾਤੇ, ਭਾਰਤ ਮੈਡਾਗਾਸਕਰ ਦੀ ਵਿਕਾਸ ਯਾਤਰਾ ਵਿੱਚ ਇੱਕ ਵਚਨਬੱਧ ਪਾਰਟਨਰ ਬਣਿਆ ਰਹੇਗਾ।

**ਦੁਬਈ**
**ਫਰਵਰੀ 14, 2024**